بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 12.04.2019

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਆਂਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰੀ ਸਹਾਬਾ ਰਿਜ਼ਵਾਨੁਲੱਾਹ ਅਲੈਹਿਮ ਅਜਮਾਈਨ ਦੇ ਸਦਗੁਣਾ ਦਾ ਮਨਭਾਉਂਦਾ ਤੇ ਦਿਲਖਿਚੱਵਾਂ ਵਰਨਣ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 12 ਅਪ੍ਰੈਲ 2019 ਈ. ਨੂੰ ਮਸਜਿਦ ਬੈਤੁਲ ਫ਼ਤੂਹ ਮੋਰਡਨ ਲੰਦਨ (ਬਰਤਾਨੀਆ) ਵਿੱਚ ਦਿੱਤਾ**

ਤਸ਼ੱਹੁਦ, ਤਉਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜ ਜਿੰਨ੍ਹਾ ਬਦਰੀ ਸਹਾਬਾ ਦਾ ਵਰਨਣ ਕਰਾਂਗਾ ਉਹਨਾਂ ਵਿੱਚੋਂ ਪਹਿਲਾ ਨਾਂ ਹਜ਼ਰਤ ਹੁਸੈਨ ਬਿਨ ਹਾਰਸ ਦਾ ਹੈ । ਇਹਨਾ ਦਾ ਸੰਬੰਧ ਬਨੂ ਅਬਦੁਲ ਮੁਨਾਫ਼ ਨਾਲ ਸੀ । ਇਹਨਾ ਨੇ ਆਪਣੇ ਦੋ ਭਰਾ ਹਜ਼ਰਤ ਤੁਫ਼ੈਲ ਅਤੇ ਹਜ਼ਰਤ ਉਬੈਦਹ ਦੇ ਨਾਲ ਮਦੀਨੇ ਵੱਲ ਹਿਜਰਤ ਕੀਤੀ । ਆਂਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਹੁਸੈਨ ਦੀ ਹਜ਼ਰਤ ਅਬਦੁਲੱਾਹ ਬਿਨ ਜਬੈਰ ਨਾਲ ਭਾਈਬੰਦੀ ਕਰਾਈ । ਹਜ਼ਰਤ ਹੁਸੈਨ ਨੇ ਬਦਰ, ਉਹਦ ਸਣੇ ਸਾਰੀਆਂ ਜੰਗਾਂ ਵਿੱਚ ਰਸੂਲੁਲੱਹ ਸਲਲੱਾਹੁ ਅਲੈਹਿ ਵਸਲਮ ਨਾਲ ਭਾਗ ਲਿਆ । ਆਪ ਦੀ ਵਫ਼ਾਤ 32 ਹਿਜਰੀ ਵਿੱਚ ਹੋਈ ।

ਦੂਜੇ ਸਹਾਬੀ ਹਨ ਹਜ਼ਰਤ ਸਫ਼ਵਾਨ ਰਜ਼ੀ ਅਲੱਾਹ ਅਨਹੁ । ਇਹਨਾ ਦੇ ਪਿਤਾ ਜੀ ਦਾ ਨਾਂ ਵਹਬ ਬਿਨ ਰਬੀਆ ਸੀ । ਆਪ ਬਨੂ ਹਾਰਸ ਬਿਨ ਫ਼ਹਰ ਕਬੀਲੇ ਨਾਲ ਸੰਬੰਧ ਰਖੱਦੇ ਸਨ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਸਫ਼ਵਾਨ ਦੀ ਭਾਈਬੰਦੀ ਹਜ਼ਰਤ ਰਾਫ਼ਿ ਬਿਨ ਮਅਲਾ ਨਾਲ ਕਰਾਈ । ਆਪ ਨੇ ਬਦਰ ਦੀ ਜੰਗ ਸਣੇ ਸਾਰੀਆਂ ਜੰਗਾਂ ਵਿੱਚ ਰਸੂਲੁਲੱਹ ਸਲਲੱਾਹੁ ਅਲੈਅਹਿ ਵਸਲਮ ਨਾਲ ਭਾਗ ਲਿਆ । ਆਪ ਦੀ ਵਫ਼ਾਤ ਦਾ ਸਾਲ 18 ਹਿਜਰੀ, 30 ਹਿਜਰੀ ਅਤੇ 38 ਹਿਜਰੀ ਬਿਆਨ ਕੀਤਾ ਗਿਆ ਹੈ ।

ਅਗਲੇ ਸਹਾਬੀ ਹਜ਼ਰਤ ਮੁਬਸ਼ੱਰ ਬਿਨ ਅਬਦੁਲ ਮੁੰਜ਼ਰ ਹਨ । ਆਪ ਓਸ ਦੇ ਕਬੀਲੇ ਬਨੂ ਉਮੱਰੋ ਬਿਨ ਔਫ਼ ਵਿੱਚੋਂ ਸਨ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਮੁਬਸ਼ੱਰ ਬਿਨ ਅਬਦੁਲ ਮੁੰਜ਼ਰ ਅਤੇ ਹਜ਼ਰਤ ਆਕਲ ਬਿਨ ਅਬੂ ਬਕੀਰ ਵਿਚਕਾਰ ਭਾਈਬੰਦੀ ਕਰਾਈ ਸੀ । ਆਪ ਬਦਰ ਦੀ ਜੰਗ ਵਿੱਚ ਸ਼ਾਮਲ ਹੋਏ ਅਤੇ ਇਸੇ ਜੰਗ ਵਿੱਚ ਆਪ ਸ਼ਹੀਦ ਵੀ ਹੋਏ । ਹਜ਼ਰਤ ਮੁਬਸ਼ੱਰ ਬਿਨ ਅਬਦੁਲ ਮੁੰਜ਼ਰ ਆਪਣੇ ਭਰਾਵਾਂ ਹਜ਼ਰਤ ਅਬੁਲ ਬਾਬਾ ਬਿਨ ਅਬਦੁਲ ਮੁੰਜ਼ਰ ਅਤੇ ਹਜ਼ਰਤ ਰਫ਼ਾਅ ਬਿਨ ਅਬਦੁਲ ਮੁੰਜ਼ਰ ਦੇ ਨਾਲ ਬਦਰ ਦੀ ਜੰਗ ਵਿੱਚ ਸ਼ਾਮਲ ਹੋਏ ਸਨ।

ਬਦਰ ਦੀ ਜੰਗ ਵਿੱਚ ਸ਼ਹੀਦ ਹੋਏ । ਹਜ਼ਰਤ ਅਬਦੁਲੱਾਹ ਬਿਨ ਉਮਰੋ ਬਿਨ ਹਰਾਮ ਬਿਆਨ ਕਰਦੇ ਹਨ ਕਿ ਮੈਂ ਉਹਦ ਦੀ ਜੰਗ ਤੋਂ ਪਹਿਲਾਂ ਸੁਪਨੇ ਵਿੱਚ ਦੇਖਿਆ ਕਿ ਸੰਭਵਤਾ ਹਜ਼ਰਤ ਮੁਬਸ਼ੱਰ ਬਿਨ ਅਬਦੁਲ ਮੁੰਜ਼ਰ ਮੈਂਨੂੰ ਕਹਿ ਰਹੇ ਹਨ ਕਿ ਤੁਸੀਂ ਕੁਝ ਦਿਨਾਂ ਵਿੱਚ ਸਾਡੇ ਕੋਲ ਆ ਜਾਓਗੇ । ਮੈਂ ਪੁੱਛਿਆ ਕਿ ਤੁਸੀਂ ਕਿੱਥੇ ਹੋ ਤਾਂ ਉਹਨਾਂ ਨੇ ਦੱਸਿਆ ਕਿ ਜਨੱਤ (ਸਵਰਗ) ਵਿੱਚ ਹਾਂ । ਅਸੀਂ ਜਿੱਥੇ ਚਾਹੁੰਦੇ ਹਾਂ ਖਾਂਦੇ ਪੀਂਦੇ ਹਾਂ । ਮੈਂ ਉਹਨਾ ਨੂੰ ਕਿਹਾ ਕਿ ਕੀ ਆਪ ਬਦਰ ਦੀ ਜੰਗ ਵਿੱਚ ਸ਼ਹੀਦ ਨਹੀਂ ਹੋ ਗਏ ਸਨ ? ਆਪ ਨੇ ਦੱਸਿਆ ਕਿ ਕਿਉਂ ਨਹੀਂ, ਪਰ ਮੈਂਨੂੰ ਫਿਰ ਜੀਉਂਦਾ ਕਰ ਦਿੱਤਾ ਗਿਆ ਹੈ । ਹਜ਼ਰਤ ਅਬਦੁਲੱਾਹ ਨੇ ਇਹ ਸੁਪਨਾ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੂੰ ਸੁਣਾਇਆ ਤਾਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਹੇ, ਅਬੂ ਜਾਬਰ ਸ਼ਹਾਦਤ ਇਹੋ ਹੁੰਦੀ ਹੈ । ਸ਼ਹੀਦ ਰੱਬ ਕੋਲ ਜਾਂਦਾ ਹੈ ਅਤੇ ਉੱਥੇ ਅਜ਼ਾਦ ਫਿਰਦਾ ਹੈ ।

ਅਗਲੇ ਸਹਾਬੀ ਜਿੰਨਾ ਦਾ ਵਰਨਣ ਹੈ ਉਹਨਾ ਦਾ ਨਾਂ ਵਰਕਾ ਬਿਨ ਅਯਾਸ ਹੈ । ਆਪ ਅੰਸਾਰ ਦੇ ਕਬੀਲੇ ਖ਼ਜ਼ਰਜ ਦੀ ਸ਼ਾਖ਼ਾ ਬਨੂ ਲੋਜ਼ਾਨ ਬਿਨ ਗ਼ਨਮ ਨਾਲ ਸੰਬੰਧ ਰਖੱਦੇ ਸਨ । ਹਜ਼ਰਤ ਵਰਕਾ ਨੂੰ ਆਪਣੇ ਦੋ ਭਰਾਵਾਂ ਹਜ਼ਰਤ ਰਬੀਅ ਅਤੇ ਹਜ਼ਰਤ ਉਮਰੋ ਨਾਲ ਬਦਰ ਦੀ ਜੰਗ ਵਿੱਚ ਭਾਗ ਲੈਣ ਦਾ ਸੁਭਾਗ ਪ੍ਰਾਪਤ ਹੋਇਆ ਸੀ । ਆਪ ਬਦਰ, ਉਹਦ, ਖ਼ੰਦਕ ਸਣੇ ਸਾਰੀਆਂ ਜੰਗਾਂ ਵਿੱਚ ਆਂਹਜ਼ਰਤ ਸਲਲੱਾਹੁ ਅਲੈਅਹਿ ਵਸਲਮ ਨਾਲ ਸ਼ਾਮਲ ਹੋਏ ਸਨ । ਆਪ ਦੀ ਸ਼ਹਾਦਤ ਯਮਾਮਾ ਦੀ ਜੰਗ ਦੇ ਦਿਨ ਹਜ਼ਰਤ ਅਬੂ ਬਕਰ ਰਜ਼ੀ ਅਲੱਾਹ ਅਨਹੁ ਦੇ ਖ਼ਿਲਾਫ਼ਤ ਕਾਲ ਵਿੱਚ 11 ਹਿਗਰੀ ਵਿੱਚ ਹੋਈ ।

ਅਗਲੇ ਸਹਾਬੀ ਜਿੰਨਾ ਦਾ ਵਰਨਣ ਹੈ ਉਹਨਾ ਦਾ ਨਾਂ ਹਜ਼ਰਤ ਮਹਰਜ਼ ਬਿਨ ਨਜ਼ਲਹ ਹੈ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਮਹਰਜ਼ ਬਿਨ ਨਜ਼ਲਹ ਅਤੇ ਹਜ਼ਰਤ ਅਮੱਾਰਾ ਬਿਨ ਹਜ਼ਮ ਵਿਚਕਾਰ ਭਾਈਬੰਦੀ ਕਰਾਈ ਸੀ । ਆਪ ਬਦਰ, ਉਹਦ ਤੇ ਖ਼ੰਦਕ ਦੀ ਜੰਗ ਵਿੱਚ ਸ਼ਾਮਲ ਹੋਏ ਸਨ । ਹਜ਼ਰਤ ਅਬੂ ਬਕਰ ਰਜ਼ੀ ਅਲਲੱਾਹ ਅਨਹੁ ਨੇ ਆਪਦੇ ਇਕ ਸੁਪਨੇ ਦੇ ਸਬਬ ਆਪ ਨੂੰ ਸ਼ਹੀਦੀ ਦੀ ਖ਼ੁਸ਼ਖਬਰੀ ਦਿੱਤੀ ਸੀ ।

ਹਜ਼ਰਤ ਮਹਰਜ਼ ਦੀ ਸ਼ਹੀਦੀ ਦੀ ਘਟਨਾ ਦਾ ਵਰਨ ਇਉਂ ਵਰਨਣ ਹੋਇਆ ਹੈ । ਹਜ਼ਰਤ ਅਯਾਸ ਬਿਨ ਸਲਮਾ ਜ਼ੀਕਰਦ ਦੀ ਜੰਗ ਬਾਰੇ ਰਿਵਾਇਤ ਕਰਦੇ ਹਨ ਕਿ ਮੇਰੇ ਪਿਤਾ ਨੇ ਮੈਂਨੂੰ ਦੱਸਿਆ ਕਿ ਸੁਲਾਹ ਹੁਦੈਬੀਆਹ ਵਾਲੀ ਘਟਨਾ ਦੇ ਬਾਦ ਅਸੀਂ ਮਦੀਨੇ ਵੱਲ ਵਾਪਸ ਜਾਣ ਲਈ ਨਿਕਲੇ, ਫਿਰ ਅਸੀਂ ਇਕ ਥਾਂ ਉਤਰੇ । ਸਾਡੇ ਅਤੇ ਬਨੂ ਲਹਯਾਨ ਵਿੱਚਕਾਰ ਇਕ ਪਹਾੜ ਸੀ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਉਸ ਵਿਅਕਤੀ ਲਈ ਦੁਆ ਕੀਤੀ ਜੋ ਇਸ ਪਹਾੜ ਉਪੱਰ ਰਾਤ ਨੂੰ ਚੜ੍ਹਕੇ ਹਾਲਾਤ ਉਪੱਰ ਨਜ਼ਰ ਰੱਖੇ । ਹਜ਼ਰਤ ਸਲਮਾ ਬਿਨ ਅਕੂਅ ਕਹਿੰਦੇ ਹਨ ਮੈਂ ਇਸ ਰਾਤ ਦੋ ਜਾਂ ਤਿੰਨ ਵਾਰ ਚੜ੍ਹਿਆ ਫਿਰ ਅਸੀਂ ਮਦੀਨੇ ਪਹੁੰਚੇ । ਫਿਰ ਕਹਿੰਦੇ ਹਨ ਕਿ ਰਸੂਲਲੁੱਾਹ ਸਲਲੱਾਹੁ ਅਲੈਹਿ ਵਸਲਮ ਨੇ ਰਬਾਹ ਦੇ ਹੱਥ ਆਪਣੇ ਊਠ ਅਤੇ ਹਜ਼ਰਤ ਤਲਹਾ ਦੇ ਘੋੜੇ ਭੇਜੇ । ਜੱਦ ਸਵੇਰ ਹੋਈ ਤਾਂ ਅਬਦੁਰ ਰਹਮਾਨ ਫ਼ਜ਼ਾਰੀ ਨੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਊਠਾਂ ਉਪੱਰ ਹਮਲਾ ਕੀਤਾ ਅਤੇ ਸਾਰਿਆਂ ਨੂੰ ਹਿੱਕ ਕੇ ਲੈ ਗਿਆ ਅਤੇ ਉਹਨਾ ਦੇ ਚਰਵਾਹੇ ਨੂੰ ਕਤਲ ਕਰ ਦਿਤੱਾ । ਰਿਵਾਇਤ ਕਰਨ ਵਾਲੇ ਕਹਿੰਦੇ ਹਨ ਕਿ ਮੈਂ ਕਿਹਾ ਹੇ ਰਬਾਹ ਇਹ ਘੋੜਾ ਫੜ ਅਤੇ ਇਸ ਨੂੰ ਤਲਹਾ ਬਿਨ ਅਬਦੁਲੱਾਹ ਨੂੰ ਪਹੁੰਚਾ ਦੇ ਅਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੂੰ ਖ਼ਬਰ ਦਿਓ ਕਿ ਮੁਸ਼ਰਿਕਾਂ ਨੇ ਆਪਦੇ ਜਾਨਵਰ ਲੁੱਟ ਲਏ ਹਨ । ਫਿਰ ਮੈਂ ਉਹਨਾਂ ਲੋਕਾਂ ਦੇ ਪਿੱਛੇ ਭਾਲ ਕਰਦਾ ਹੋਇਆ ਅਤੇ ਉਹਨਾ ਨੂੰ ਤੀਰ ਮਾਰਦਾ ਹੋਇਆ ਨਿਕਲਿਆ ਅਤੇ ਬਹਾਦੁਰੀ ਦੇ ਸ਼ੇਅਰ ਪੜ੍ਹ ਰਿਹਾ ਸੀ انا ابن الاکوع والیوم یوم الرضع ਕਿ ਮੈਂ ਅਕੂਅ ਦਾ ਪੁਤੱਰ ਹਾਂ ਅਤੇ ਇਹ ਦਿਨ ਕਮੀਨਿਆ ਦੀ ਤਬਾਹੀ ਦਾ ਦਿਨ ਹੈ । ਮੈਂ

ਉਹਨਾ ਵਿੱਚੋਂ ਜਿਸ ਵਿਅਕਤੀ ਨੂੰ ਵੀ ਮਿਲਦਾ ਤਾਂ ਉਸ ਦੇ ਕਜਾਵੇ (ਕਾਠੀ) ਵਿੱਚ ਤੀਰ ਮਾਰਦਾ, ਇੱਥੋਂ ਤੱਕ ਕਿ ਤੀਰ ਦਾ ਫਲ ਨਿਕਲਕੇ ਉਸਦੇ ਮੋਢਿਆਂ ਤੱਕ ਜਾ ਪਹੁੰਚਦਾ । ਕਹਿੰਦੇ ਹਨ ਕਿ ਰੱਬ ਦੀ ਸਹੁੰ ਮੈਂ ਉਹਨਾਂ ਨੂੰ ਤੀਰ ਮਾਰਦਾ ਰਿਹਾ ਅਤੇ ਉਹਨਾ ਨੂੰ ਜ਼ਖ਼ਮੀ ਕਰਦਾ ਰਿਹਾ ਅਤੇ ਜੱਦ ਮੇਰੀ ਵੱਲ ਕੋਈ ਘੁੜਸਵਾਰ ਆਉਂਦਾ ਤਾਂ ਮੈਂ ਕਿਸੇ ਰੁੱਖ ਦੇ ਪਿੱਛੇ ਲੁੱਕ ਜਾਂਦਾ ਅਤੇ ਮੈਂ ਉਸ ਨੂੰ ਤੀਰ ਮਾਰਕੇ ਜ਼ਖ਼ਮੀ ਕਰ ਦਿੰਦਾ, ਇੱਥੋਂ ਤੱਕ ਕਿ ਜੱਦ ਪਹਾੜ ਦਾ ਰਸਤਾ ਤੰਗ ਹੋ ਗਿਆ ਅਤੇ ਉਹ ਤੰਗ ਰਸਤੇ ਵਿੱਚ ਦਾਖ਼ਲ ਹੋਏ ਤਾਂ ਮੈਂ ਪਹਾੜ ਉਪੱਰ ਚੜ੍ਹ ਗਿਆ ਅਤੇ ਉਹਨਾ ਨੂੰ ਪਥੱਰ ਮਾਰਨ ਲਗੱਾ ਅਤੇ ਮੈਂ ਇਸੇ ਪ੍ਰਕਾਰ ਉਹਨਾ ਦਾ ਪਿਛੱਾ ਕਰਦਾ ਰਿਹਾ । ਇੱਥੇ ਤੱਕ ਕਿ ਸਾਰੇ ਊਠਾਂ ਨੂੰ ਪਿੱਛੇ ਛੱਡ ਦਿਤੱਾ । ਮੈਂ ਤੀਰ ਅੰਦਾਜ਼ੀ ਕਰਦਾ ਰਿਹਾ ਇੱਥੋਂ ਤੱਕ ਕਿ ਉਹਨਾ ਨੇ ਤੀਹ ਤੋਂ ਵੱਧ ਚਾਦਰਾਂ ਅਤੇ ਤੀਹ ਨੇਜ਼ੇ ਹੌਲ੍ਹੇ ਹੋਣ ਲਈ ਸੁੱਟ ਦਿੱਤੇ । ਅਰਥਾਤ ਉਹ ਲੋਕ ਊਠ ਤਾਂ ਛੱਡ ਚੁਕੇ ਸਨ, ਆਪਣਾ ਸਾਮਾਨ ਵੀ ਪਿੱਛੇ ਸੁਟੱਣਾ ਸ਼ੁਰੂ ਕਰ ਦਿਤੱਾ ਕਿ ਅਸਾਨੀ ਨਾਲ ਦੌੜ ਸਕਣ ਅਤੇ ਜੋ ਚੀਜ਼ ਵੀ ਉਹ ਸੁਟੱਦੇ ਜਾਂਦੇ ਸਨ ਮੈਂ ਉਹਨਾਂ ਉਪੱਰ ਨਿਸ਼ਾਨੀ ਲਈ ਪਥੱਰ ਰੱਖ ਦਿੰਦਾ ਸੀ ਤਾਂ ਜੋ ਰਸੂਲੁਲੱਾਹ ਸਲਲੱਾਹੁ ਆਲੈਹਿ ਵਸਲਮ ਅਤੇ ਆਪ ਦੇ ਸਹਾਬਾ ਪਛਾਣ ਲੈਂਣ । ਇੱਥੋਂ ਤੱਕ ਕਿ ਉਹ ਇਕ ਤੰਗ ਘਾਟੀ ਵਿੱਚ ਆਏ ਜਿੱਥੇ ਉਹਨਾਂ ਨੂੰ ਬਦਰ ਫ਼ਜ਼ਾਰੀ ਦਾ ਕੋਈ ਪੁਤੱਰ ਮਿਲਿਆ । ਉਹ ਬਹਿਕੇ ਖਾਣਾ ਖਾਣ ਲੱਗੇ ਅਤੇ ਮੈਂ ਇਕ ਚੋਟੀ'ਤੇ ਬੈਠਾ ਸੀ । ਫ਼ਜ਼ਾਰੀ ਨੇ ਕਿਹਾ ਇਹ ਕੌਣ ਵਿਅਕਤੀ ਹੈ ਜਿਸ ਨੂੰ ਮੈਂ ਦੇਖ ਰਿਹਾ ਹਾਂ । ਉਹਨਾ ਨੇ ਕਿਹਾ ਇਸ ਵਿਅਕਤੀ ਨੇ ਤਾਂ ਸਾਨੂੰ ਤੰਗ ਕਰ ਰੱਖਿਆ ਹੈ । ਰੱਬ ਦੀ ਸਹੁੰ ਇਹ ਸਵੇਰ ਤੋਂ ਸਾਡੇ ਉਪੱਰ ਤੀਰ ਅੰਦਾਜ਼ੀ ਕਰ ਰਿਹਾ ਹੈ । ਇੱਥੋਂ ਤੱਕ ਕਿ ਇਸ ਨੇ ਸਾਡੇ ਕੋਲੋਂ ਸਭ ਕੁਝ ਖੋਹ ਲਿਆ ਹੈ । ਉਸ ਨੇ ਕਿਹਾ ਚਾਹੀਦਾ ਹੈ ਕਿ ਤੁਹਾਡੇ ਵਿੱਚੋਂ ਚਾਰ ਵਿਅਕਤੀ ਉਸ ਵੱਲ ਜਾਣ । ਹਜ਼ਰਤ ਸਲਮਾ ਬਿਨ ਅਕੂਅ ਕਹਿੰਦੇ ਹਨ ਕਿ ਉਹਨਾ ਵਿੱਚੋਂ ਚਾਰ ਵਿਅਕਤੀ ਮੇਰੇ ਵੱਲ ਪਹਾੜ'ਤੇ ਚੜ੍ਹੇ, ਜੱਦ ਉਹ ਮੇਰੇ ਨੇੜੇ ਆਏ ਤਾਂ ਮੈਂ ਉਹਨਾ ਨੂੰ ਕਿਹਾ ਕਿ ਤੁਸੀਂ ਮੈਂਨੂੰ ਜਾਣਦੇ ਹੋ । ਉਹਨਾ ਨੇ ਕਿਹਾ ਨਹੀਂ ਤੁਸੀਂ ਕੌਣ ਹੋ ? ਮੈਂ ਕਿਹਾ ਮੈਂ ਸਲਮਾ ਬਿਨ ਅਕੂਅ ਹਾਂ ਅਤੇ ਉਸ ਦੀ ਕਸਮ ਜਿਸਨੇ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਮੁਖੱੜੇ ਨੂੰ ਸਨਮਾਨ ਪ੍ਰਦਾਨ ਕੀਤਾ ਹੈ ਕਿ ਮੈਂ ਤੁਹਾਡੇ ਵਿੱਚ ਵਿਚੋਂ ਜਿਸਨੂੰ ਫੜਨਾ ਚਾਹਾਂ ਉਸ ਨੂੰ ਫੜ ਸਕਦਾ ਹਾਂ ਪਰ ਤੁਹਾਡੇ ਵਿੱਚੋਂ ਕੋਈ ਮੈਂਨੂੰ ਫੜਨਾ ਚਾਹੇ ਤਾਂ ਨਹੀਂ ਫੜ ਸਕਦਾ । ਇਸ'ਤੇ ਉਹ ਚਾਰੇ ਵਾਪਸ ਪਰਤ ਗਏ ਅਤੇ ਮੈਂ ਆਪਣੀ ਥਾਂ ਬੈਠਾ ਰਿਹਾ । ਇੱਥੋਂ ਤੱਕ ਕਿ ਮੈਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਘੋੜੇ ਰੁਖੱਾਂ ਵਿਚਕਾਰੋਂ ਆਉਂਦੇ ਦੇਖੇ । ਉਹਨਾ ਵਿੱਚੋਂ ਸਭ ਤੋਂ ਪਹਿਲਾਂ ਅਖ਼ਰਮ ਅਸਦੀ ਸਨ ਮੈਂ ਅਖ਼ਰਮ ਅਰਥਾਤ ਹਜ਼ਰਤ ਮਹਰਜ਼ ਦੇ ਘੋੜੇ ਦੀ ਲਗਾਮ ਫੜ ਲਈ ਤਾਂ ਉਹ ਲੋਕ ਜੋ ਓਥੇ ਬੈਠੇ ਖਾਣਾ ਖਾ ਰਹੇ ਸਨ ਪਿੱਠ ਫੇਰਕੇ ਨੱਸ ਗਏ । ਮੈਂ ਹਜ਼ਰਤ ਮਹਰਜ਼ ਨੂੰ ਕਿਹਾ ਕਿ ਉਹਨਾਂ ਤੋਂ ਬੱਚ ਤਾਂ ਜੋ ਉਹ ਤੈਨੂੰ ਹਲਾਕ ਨ ਕਰ ਦੇਣ, ਇੱਥੋਂ ਤੱਕ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਅਤੇ ਆਪ ਦੇ ਸਹਾਬਾ ਪਹੁੰਚ ਨ ਜਾਣ । ਉਸ ਨੇ ਕਿਹਾ ਹੇ ਸਲਮਾ ਜੇਕਰ ਤੂੰ ਰੱਬ ਅਤੇ ਪਰਲੈਅ ਦੇ ਦਿਨ ਉਪੱਰ ਇਮਾਨ ਰਖੱਦਾ ਹੈ ਅਤੇ ਜਾਣਦਾ ਹੈ ਕਿ ਜਨੱਤ (ਸਵਰਗ) ਸਚੱਾਈ ਹੈ ਅਤੇ ਅੱਗ ਸਚੱ ਹੈ ਅਰਥਾਤ ਨਰਕ ਸਚੱ ਹੈ, ਸੋ, ਤੂੰ ਮੇਰੇ ਅਤੇ ਸ਼ਹੀਦੀ ਵਿਚਕਾਰ ਦਖਲਾ ਨ ਦੇ । ਮੈਂ ਉਸਨੂੰ ਛੱਡ ਦਿਤੱਾ, ਇੱਥੇ ਕਿ ਉਹ ਅਰਥਾਤ ਮਹਜ਼ਮ ਅਤੇ ਅਬਦੁਰ ਰਹਮਾਨ ਆਪੋ ਵਿੱਚ ਭੂਝ ਪਏ ਅਤੇ ਉਹਨਾ ਨੇ ਅਬਦੁਰ ਰਹਮਾਨ ਸਣੇ ਘੋੜੇ ਨੂੰ ਜ਼ਖ਼ਮੀ ਕਰ ਦਿਤੱਾ ਅਤੇ ਅਬਦੁਰ ਰਹਮਾਨ ਨੇ ਹਜ਼ਰਤ ਮਹਰਜ਼ ਨੂੰ ਨੇਜ਼ਾ ਮਾਰਕੇ ਸ਼ਹੀਦ ਕਰ ਦਿਤੱਾ । ਹਜ਼ਰਤ ਅਬੂ ਕਤਾਦਹ ਅਬਦੁਰ ਰਹਮਾਨ ਦੇ ਪਿੱਛੇ ਗਏ ਅਤੇ ਉਸ ਨੂੰ ਫੜ ਲਿਆ ਅਤੇ ਨੇਜ਼ਾ ਮਾਰਕੇ ਕਤਲ ਕਰ ਦਿਤੱਾ । ਹਜ਼ਰਤ ਸਲਮਾ ਕਹਿੰਦੇ ਹਨ ਕਿ ਸੋ, ਉਸ ਦੀ ਸਹੁੰ ਜਿਸ ਨੇ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਮੁਖੜੇ ਨੂੰ ਸਨਮਾਨ ਪ੍ਰਦਾਨ ਕੀਤਾ, ਮੈਂ ਦੌੜਦਿਆਂ ਹੋਇਆਂ ਉਹਨਾ ਦਾ ਪਿਛੱਾ ਜਾਰੀ ਰੱਖਿਆ । ਇੱਥੋਂ ਤੱਕ ਕਿ ਸੂਰਜ ਡੁਬੱਣ ਤੋਂ ਪਹਿਲਾਂ ਇਕ

ਘਾਟੀ ਵਿੱਚ ਮੈਂ ਉਹਨਾ ਨੂੰ ਜਾ ਘੇਰਿਆ ਉਹ ਤਿਹਾਏ ਸਨ । ਫਿਰ ਉਹਨਾ ਨੇ ਮੈਨੂੰ ਆਪਣੇ ਪਿੱਛੇ ਦੌੜਦਿਆਂ ਦੇਖਿਆ, ਮੈਂ ਉਹਨਾ ਨੂੰ ਉੱਥੋਂ ਨਸਾ ਦਿਤੱਾ ਅਤੇ ਉਹ ਇਸ ਵਿੱਚੋਂ ਇਕ ਬੂੰਦ ਵੀ ਪਾਣੀ ਨ ਪੀ ਸਕੇ । ਉਹ ਉੱਥੋਂ ਨਿਕਲੇ ਅਤੇ ਇਕ ਘਾਟੀ ਵੱਲ ਤੇਜ਼ੀ ਨਾਲ ਵਧੇ । ਮੈਂ ਵੀ ਦੌੜਿਆ, ਮੈਂ ਜਿਸ ਵਿਅਕਤੀ ਨੂੰ ਪਿੱਛੇ ਦੇਖਦਾ ਉਸਦੇ ਮੋਢੇ'ਤੇ ਤੀਰ ਮਾਰਦਾ ।

ਮੈਂ ਕਹਿੰਦਾ ਕਿ ਮੈਂ ਅਕੂਅ ਦਾ ਪੁਤੱਰ ਹਾਂ ਅਤੇ ਇਹ ਦਿਨ ਕਮੀਨਿਆ ਦੀ ਤਬਾਹੀ ਦਾ ਦਿਨ ਹੈ । ਉਸ ਨੇ ਕਿਹਾ ਕੀ ਸਵੇਰ ਵਾਲਾ ਅਕੂਅ ? ਜੋ ਸਵੇਰ ਤੋਂ ਪਿੱਛੇ ਪਿਆ ਹੋਇਆ ਹੈ ਸਾਡੇ ? ਮੈਂ ਕਿਹਾ ਹਾਂ । ਹੇ ਆਪਣੀ ਜਾਨ ਦੇ ਦੁਸ਼ਮਣ ਤੇਰਾ ਸਵੇਰ ਵਾਲਾ ਅਕੂਅ । ਉਹਨਾ ਨੇ ਦੋ ਘੋੜੇ ਘਾਟੀ ਵਿੱਚ ਪਿੱਛੇ ਛੱਡ ਦਿੱਤੇ ਮੈਂ ਉਹਨਾ ਦੋਹਾਂ ਨੂੰ ਹੱਕਦਿਆਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਕੋਲ ਚੱਲ ਪਿਆ । ਆਪ ਸਲਲੱਾਹੁ ਅਲੈਹਿ ਵਸਲਮ ਉਸ ਪਾਣੀ'ਤੇ ਸਨ ਜਿੱਥੋਂ ਮੈਂ ਸਵੇਰੇ ਉਹਨਾ ਲੁਟੇਰਿਆਂ ਨੂੰ ਨਸਾਇਆ ਸੀ । ਮੈਂ ਦੇਖਿਆ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਉਹ ਊਠ ਅਤੇ ਉਹ ਸਾਰੀਆਂ ਚੀਜ਼ਾਂ ਜੋ ਮੈਂ ਮੁਸ਼ਰਿਕਾਂ ਕੋਲੋਂ ਛੁਡਾਈਆਂ ਸਨ ਲੈ ਲਈਆਂ ਅਤੇ ਹਜ਼ਤਰ ਬਿਲਾਲ ਨੇ ਇਹਨਾ ਊਠਾਂ ਵਿੱਚੋਂ ਜੋ ਮੈਂ ਉਹਨਾ ਤੋਂ ਖੋਹੇ ਸਨ ਇਕ ਊਠਣੀ ਜ਼ਿਬਾਹ ਕੀਤੀ । ਉਹ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਲਈ ਕਲੇਜੀ ਅਤੇ ਕੋਹਾਨ (ਕੁਬੜ) ਦੇ ਮਾਸ ਨੂੰ ਭੁੰਨ ਰਹੇ ਸਨ ਮੈਂ ਕਿਹਾ ਹੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਮੈਨੂੰ ਲਸ਼ਕਰ ਵਿੱਚੋਂ ਸੌ ਵਿਅਕਤੀ ਨਿਯੁਕਤ ਕਰਨ ਦੀ ਆਗਿਆ ਪ੍ਰਦਾਨ ਕਰਨ, ਤਾਂ ਮੈਂ ਉਹਨਾਂ ਲੋਕਾਂ ਦਾ ਪਿਛੱਾ ਕਰਕੇ ਉਹਨਾ ਸਾਰਿਆ ਨੂੰ ਮਾਰ ਮੁਕਾਵਾਂ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਖਿੜਕੇ ਹੱਸੇ ਇੱਥੋਂ ਤੱਕ ਤਕ ਕਿ ਅੱਗ ਦੇ ਚਾਨ੍ਹਣੇ ਵਿੱਚ ਆਪਦੇ ਦੰਦ ਮੁਬਾਰਕ ਵੀ ਦਿਖਾਈ ਦੇਣ ਲੱਗੇ ਆਪ ਨੇ ਫ਼ਰਮਾਇਆ, ਹੇ ਸਲਮਾ ਕੀ ਤੁਸੀਂ ਸਮਾਝਦੇ ਹੋ ਕਿ ਤੁਸੀਂ ਇਹ ਕਰ ਸਕਦੇ ਹੋ ? ਮੈਂ ਕਿਹਾ ਹਾਂ, ਉਸ ਦੀ ਸਹੁੰ ਜਿਸਨੇ ਆਪ ਨੂੰ ਸਨਮਾਨ ਪ੍ਰਦਾਨ ਕੀਤਾ ਹੈ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਹੇ ਇਬਨੇ ਅਕੂਅ ਤੁਸੀਂ ਜੱਦ ਜਿੱਤ ਪਾ ਲਈ ਹੈ ਤਾਂ ਫਿਰ ਜਾਣ ਦਿਓ ਅਤੇ ਦਰਗੁਜ਼ਰ ਨਾਲ ਕੰਮ ਲਓ । ਹੁਣ ਪਿੱਛੇ ਜਾਣ ਦਾ ਅਤੇ ਕਤਲ ਕਰਨ ਦਾ ਕੀ ਲਾਭ । ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਇਹ ਆਚਰਣ ਹੈ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦਾ ਕਿਉਂਕਿ ਆਪ ਨੂੰ ਕਤਲ ਗ਼ਾਰਤਤ ਨਾਲ ਕੋਈ ਗ਼ਰਜ਼ ਨਹੀਂ ਸੀ ।

ਫ਼ਿਰ ਜਿਸ ਸਹਾਬੀ ਦਾ ਵਰਨਣ ਹੈ ਉਹਨਾ ਦਾ ਨਾਂ ਹਜ਼ਰਤ ਸਵੀਬਤ ਬਿਨ ਸਅਦ ਹੈ । ਹਜ਼ਰਤ ਸਵੀਬਤ ਦਾ ਸੰਬੰਧ ਕਬੀਲਾ ਅਬਦੁਦੱਾਰ ਨਾਲ ਸੀ । ਆਪ ਅਰੰਭਕ ਇਸਲਾਮ ਕੁਬੂਲ ਕਰਨ ਵਾਲਿਆਂ ਵਿੱਚ ਸ਼ਾਮਲ ਸਨ । ਬਹੁਤੇ ਜੀਵਨ ਚਰਿਤ੍ਰਾਰਥਾਂ ਨੇ ਆਪਨੂੰ ਹਬਸ਼ਾ ਦੇ ਮੁਹਾਜਰਾਂ ਵਿੱਚ ਸ਼ਾਮਲ ਕੀਤਾ ਹੈ । ਹਜ਼ਰਤ ਸਵੀਬਤ ਨੇ ਮਦੀਨੇ ਵੱਲ ਹਿਜਰਤ ਕੀਤੀ । ਹਜ਼ਰਤ ਸਵੀਬਤ ਨੇ ਬਦਰ ਤੇ ਉਹਦ ਦੀ ਜੰਗ ਵਿੱਚ ਵੀ ਭਾਗ ਲਿਆ ।

ਹਜ਼ਰਤ ਉੱਮੇ ਸਲਮਾ ਬਿਆਨ ਕਰਦੀ ਹਨ ਕਿ ਹਜ਼ਰਤ ਅਬੂ ਬਕਰ ਰਜ਼ੀ ਅਲੱਾਹ ਅਨਹੁ ਨਬੀ ਕਰੀਮ ਸਲਲੱਾਹੁ ਅਲੈਹਿ ਦੀ ਵਫ਼ਾਤ ਤੋਂ ਇਕ ਸਾਲ ਪਹਿਲਾਂ ਬਸਰਹ ਸ਼ਾਮ (ਸੀਰੀਆ) ਦਾ ਇਕ ਖੇਤਰ ਹੈ ਉਸ ਵੱਲ ਵਪਾਰ ਲਈ ਗਏ ਸਨ । ਉਹਨਾ ਨਾਲ ਨਈਮਾਨ ਅਤੇ ਸਵੀਬਤ ਬਿਨ ਹਰਮਲਹ ਨੇ ਵੀ ਸਫ਼ਰ ਕੀਤਾ ਸੀ ਅਤੇ ਇਹ ਦੋਵੇਂ ਜੰਗੇ ਬਦਰ ਵਿੱਚ ਵਿੱਚ ਵੀ ਮੌਜੂਦ ਸਨ । ਨਈਮਾਨ ਜ਼ਾਦੇ ਰਾਹ (ਰਸਤੇ ਦੇ ਖਾਣੇ ਦੇ ਸਮਾਨ) ਉਪੱਰ ਨਿਯੁਕਤ ਸਨ । ਸਵੀਬਤ ਦੇ ਸੁਭਾਅ ਵਿੱਚ ਹਾਸਾ ਮਖ਼ੌਲ ਸੀ, ਉਸ ਨੇ ਨਈਮਾਨ ਨੂੰ ਕਿਹਾ ਮੈਨੂੰ ਖਾਣਾ ਖੁਆਓ, ਖਾਣ ਪੀਣ ਦਾ ਪ੍ਰਬੰਧ ਉਹਨਾ ਦੇ ਸੁਪੁਰਦ ਸੀ । ਉਹਨਾਂ ਨੇ ਉਤੱਰ ਦਿਤੱਾ ਕਿ ਜੱਦ ਤੱਕ ਹਜ਼ਰਤ ਅਬੂਬਕਰ ਨਹੀ ਆਉਣਗੇ ਮੈਂ ਖਾਣਾ ਨਹੀਂ ਦਿਆਂਗਾ । ਉਹਨਾ ਨੇ ਕਿਹਾ ਜੇਕਰ ਤੁਸੀਂ ਮੈਨੂੰ ਖਾਣਾ ਨਹੀਂ ਦਿਓਗੇ ਤਾਂ ਮੈਂ ਤੁਹਾਨੂੰ ਗੁਸੱਾ ਦੁਆਵਾਂਗਾ ।

ਜੱਦ ਇਹ ਜਾ ਰਹੇ ਸਨ ਤਾਂ ਉਸ ਸਮੇਂ ਇਕ ਕੌਮ ਕੋਲੋਂ ਲੰਘਦੇ ਹੋਏ ਸਵੀਬਤ ਨੇ ਉਹਨਾ ਨੂੰ ਕਿਹਾ ਕਿ ਕੀ ਤੁਸੀਂ ਮੈਂਥੋਂ ਮੇਰਾ ਗ਼ੁਲਾਮ ਖ਼ਰੀਦੋਗੇ, ਉਹਨਾਂ ਨੇ ਉਤੱਰ ਦਿਤੱਾ ਹਾਂ । ਸਵੀਬਤ ਨੇ ਉਹਨਾ ਨੂੰ ਕਿਹਾ ਉਹ ਬੋਲਣ ਵਾਲਾ ਗੁਲਾਮ ਹੈ ਚੇਤੇ ਰਖੱਣਾ ਉਹ ਇਹੋ ਕਹਿੰਦਾ ਕਹੇਗਾ ਕਿ ਮੈਂ ਅਜ਼ਾਦ ਹਾਂ । ਜੱਦ ਤੁਹਾਨੂੰ ਉਹ ਇਹ ਗੱਲ ਕਹੇ ਤਾਂ ਤੁਸੀਂ ਉਸ ਨੂੰ ਛਡੱਣਾ ਨਹੀਂ । ਉਹਨਾਂ ਨੇ ਉਤੱਰ ਦਿਤੱਾ ਕਿ ਨਹੀਂ ਸਗੋਂ ਅਸੀਂ ਉਸਨੂੰ ਤੁਹਾਡੇ ਕੋਲੋਂ ਖ਼ਰੀਦਨਾ ਚਾਹੁੰਦੇ ਹਾਂ, ਤਾਂ ਉਹਨਾ ਨੇ ਦਸ ਊਠਾਂ ਦੇ ਬਦਲੇ ਉਸ ਗ਼ਲਾਮ ਨੂੰ ਖ਼ਰੀਦ ਲਿਆ । ਫਿਰ ਉਹ ਲੋਕ ਹਜ਼ਰਤ ਨਈਮਾਨ ਦੇ ਕੋਲ ਆਏ ਅਤੇ ਉਹਨਾ ਦੇ ਗੱਲ ਵਿੱਚ ਰੱਸੀ ਪਾ ਲਈ । ਨੁਮਾਨ ਬੋਲੇ ਕਿ ਇਹ ਵਿਅਕਤੀ ਮਜ਼ਾਕ ਕਰ ਰਿਹਾ ਹੈ ਮੈਂ ਅਜ਼ਾਦ ਹਾਂ ਗ਼ੁਲਾਮ ਨਹੀਂ ਹਾਂ, ਪਰ ਉਹਨਾ ਨੇ ਉਤੱਰ ਦਿਤੱਾ ਕਿ ਇਸ ਨੇ ਪਹਿਲਾਂ ਹੀ ਤੁਹਾਡੇ ਬਾਰੇ ਸਾਨੂੰ ਦਸ ਦਿਤੱਾ ਹੈ ਕਿ ਤੁਸੀਂ ਇਹੋ ਕਹੋਗੇ ਅਤੇ ਉਹ ਫੜਕੇ ਲੈ ਗਏ । ਜੱਦ ਹਜ਼ਰਤ ਅਬੂਬਕਰ ਰਜ਼ੀ ਅਲੱਾਹ ਅਨਹੁ ਵਾਪਸ ਆਏ ਲੋਕਾਂ ਨੇ ਉਸ ਬਾਰੇ ਆਪ ਨੂੰ ਦੱਸਿਆ ਤਾਂ ਆਪ ਉਹਨਾ ਲੋਕਾਂ ਦੇ ਪਿੱਛੇ ਗਏ ਅਤੇ ਉਹਨਾਂ ਨੂੰ ਉਹਨਾ ਦੀਆ ਊਠਣੀਆਂ ਵਾਪਸ ਕੀਤੀਆਂ ਅਤੇ ਨਈਮਾਨ ਨੂੰ ਵਾਪਸ ਲੈ ਆਏ । ਹਜ਼ੂਰ ਅਨਵਰ ਨੇ ਫ਼ਰਮਾਇਆ : ਇਸ ਪ੍ਰਕਾਰ ਦੇ ਮਜ਼ਾਕ ਵੀ ਚਲਦੇ ਸਨ ਸਹਾਬਾ ਵਿੱਚ । ਬਹਿਰਹਾਲ ਜੱਦ ਇਹ ਲੋਕ ਵਾਪਸ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਕੋਲ ਆਏ ਅਤੇ ਆਪ ਨੂੰ ਦੱਸਿਆ ਤਾਂ ਰਿਵਾਇਤ ਕਰਨ ਵਾਲੇ ਬਿਆਨ ਕਰਦੇ ਹਨ ਕਿ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਅਤੇ ਆਪ ਦੇ ਸਹਾਬਾ ਇਕ ਸਾਲ ਤੱਕ ਇਸ ਦਾ ਆਨੰਦ ਲੈਂਦੇ ਰਹੇ ।

ਸਹਾਬਾ ਦੇ ਇਸ ਵਰਨਣ ਦੇ ਬਾਦ ਜੋ ਮੈਂ ਇਕ ਗੱਲ ਸੰਖੇਪ ਵਿੱਚ ਕਹਿਣਾ ਚਾਹੁੰਦਾ ਹਾਂ ਉਹ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਇਕ ਇਲਹਾਮ "ਵਾਸਿਉ ਮਕਾਨਾਕਾ" (وسع مكانك) ਬਾਰੇ ਹੈ । ਇਹ ਇਲਹਾਮ ਆਪ ਨੂੰ ਵੱਖ ਵੱਖ ਸਮਿਆਂ ਵਿੱਚ ਹੋਇਆ । ਰੱਬ ਜੱਦ ਆਪਣੇ ਨਬੀਆਂ ਨੂੰ ਇਲਹਾਮ ਰਾਹੀਂ ਕੋਈ ਆਦੇਸ਼ ਦਿੰਦਾ ਹੈ ਕਿ ਇਹ ਕਰੋ ਤਾਂ ਇਸ ਦਾ ਇਹ ਮਤਲਬ ਹੁੰਦਾ ਹੈ ਕਿ ਰੱਬ ਉਸ ਲਈ ਆਪਣੀ ਪਖੱਤਾ ਅਤੇ ਸਹਾਇਤਾ ਵੀ ਦੇਵੇਗਾ ਅਤੇ ਸਾਧਨ ਵੀ ਪੈਦਾ ਕਰੇਗਾ ਅਤੇ ਫਿਰ ਇਸ ਪ੍ਰਕਾਰ ਇਹ ਪੂਰਨਤਾ ਨੂੰ ਪਹੁੰਚੇਗਾ ਅਤੇ ਇਹੋ ਸਾਡਾ ਤਜਰਬਾ ਹੈ ।

ਏਥੇ ਜੱਦ ਹਜ਼ਰਤ ਖ਼ਲੀਫ਼ਾਤੁਲ ਮਸੀਹ ਰਾਬੇ ਰਹਿਮਾਹੁਲੱਾਹ ਤਆਲਾ ਹਿਜਰਤ ਕਰਕੇ ਆਏ ਸਨ ਤਾਂ ਰੱਬ ਨੇ ਅਸਾਧਾਰਣ ਰੂਪ ਵਿੱਚ ਇਕ ਆਪਣੇ ਵਿਸਥਾਰ ਦਾ ਦ੍ਰਿਸ਼ ਦਿਖਾਇਆ ਅਤੇ ਇਸਲਾਮਾਬਾਦ ਵਿੱਚ 25 ਏਕੜ ਜ਼ਮੀਨ ਜਮਾਤ ਨੂੰ ਖ਼ਰੀਦਣ ਦਾ ਮੌਕਾ ਮਿਲਿਆ ਅਤੇ ਇਸ ਦੇ ਬਾਦ ਹੋਰ ਇਸ ਵਿੱਚ ਛੇ (6) ਏਕੜ ਵੀ ਸ਼ਾਮਲ ਹੋ ਗਈ ਜਿੱਥੇ ਜਲਸਾ ਸਾਲਾਨਾ ਵੀ ਹੁੰਦਾ ਰਿਹਾ । ਹਜ਼ਰਤ ਖਲੀਫ਼ਾਤੁਲ ਮਸੀਹ ਰਾਬੇ ਰਹਿਮਾਹੁਲੱਾਹ ਤਆਲਾ ਦਾ ਇੱਥੇ ਬਕਾਇਦਾ ਮਰਕਜ਼ (ਕੇਂਦਰ) ਬਣਾਉਣ ਦਾ ਸੀ । ਬਹਿਰਹਾਲ ਹਰ ਕੰਮ ਲਈ ਰੱਬ ਨੇ ਇਕ ਸਮਾਂ ਨਿਰਧਾਰਤ ਕੀਤਾ ਹੋਇਆ ਹੈ । ਹੁਣ ਰੱਬ ਨੇ ਤੌਫ਼ੀਕ ਪ੍ਰਦਾਨ ਕੀਤੀ ਕਿ ਇਸਲਾਮਾਬਾਦ ਵਿੱਚ ਨਵੀ ਉਸਾਰੀ ਹੋਈ ਹੈ ਕੁਝ ਦਫ਼ਤਰ ਚੰਗੀਆਂ ਸਹੂਲਤਾਂ ਨਾਲ ਬਣਾਏ ਗਏ ਹਨ । ਬਕਾਇਦਾ ਮਸਜਿਦ ਬਣਾਈ ਗਈ ਹੈ । ਸਮੇਂ ਦੇ ਖ਼ਲੀਫ਼ਾ ਦੀ ਰਿਹਾਇਸ਼ ਬਣਾਈ ਗਈ ਹੈ ਅਤੇ ਜੀਵਨ ਵਕਫ਼ ਕਰਨ ਵਾਲੇ ਅਤੇ ਕਾਰਕੁਨਾ (ਵਰਕਰਾਂ) ਲਈ ਘਰ ਵੀ ਬਣਾਏ ਗਏ ਹਨ । ਇਸੇ ਪ੍ਰਕਾਰ ਰੱਬ ਨੇ ਇਸਲਾਮਾਬਾਦ ਮਨਸੂਬੇ ਦੇ ਨਾਲ ਹੀ ਝੱਟ ਇਕ ਵੱਡੀ ਦੋ ਮੰਜ਼ਲਾ ਇਮਾਰਤ ਵੀ ਜਮਾਤ ਨੂੰ ਪ੍ਰਦਾਨ ਕਰ ਦਿੱਤੀ ਜਿਸੇ ਵਿੱਚ ਪ੍ਰੈਸ ਵੀ ਕੰਮ ਕਰ ਰਿਹਾ ਹੈ । ਦੋ ਤਿੰਨ ਮੀਲ ਦੀ ਦੂਰੀ'ਤੇ ਹੈ ਇਹ ਇਮਾਰਤ ਅਤੇ ਕੁਝ ਦਫ਼ਤਰ ਵੀ ਹਨ । ਫਿਰ ਖ਼ੁਦੱਾਮੁਲ ਅਹਦੀਆ ਨੂੰ ਵੀ ਇਕ ਵੱਡੀ ਇਮਾਰਤ ਖ਼ਰੀਦਣ ਦੀ ਤੌਫ਼ੀਕ ਮਿਲ ਗਈ ਹੈ ਇੱਥੇ । ਇਸ ਤੋਂ ਪਹਿਲਾਂ ਜਲਸਾਗਾਹ ਲਈ ਹਦੀਕਾਤੁਲ ਮਹਦੀ ਖ਼ਰੀਦਣ ਲਈ ਵੀ ਨੇੜੇ ਹੀ ਥਾਂ ਰੱਬ ਨੇ ਤੌਫ਼ੀਕ ਦਿੱਤੀ । ਫਿਰ ਜਾਮਿਆ ਅਹਮਦੀਆ ਜੋ ਲੰਦਨ ਵਿੱਚ ਸੀ ਇੱਥੋਂ ਬਦਲ ਗਿਆ ਅਤੇ ਅਸਾਧਾਰਣ ਰੂਪ ਵਿੱਚ ਬਹੁਤ

ਘੱਟ ਮੁੱਲ'ਤੇ ਵਰਤਮਾਨ ਥਾਂ'ਤੇ ਜਾਮਿਆ ਲਈ ਰੱਬ ਨੇ ਚੰਗੇ ਵਾਤਾਵਰਣ ਤੇ ਸਹੂਲਤਾਂ ਨਾਲ ਪ੍ਰਦਾਨ ਕਰ ਦਿੱਤੀ । ਲਗਭਗ 30 ਏਕੜ ਇਸਦੀ ਜ਼ਮੀਨ ਵੀ ਹੈ ਅਤੇ ਇਹ ਸਾਰੀਆਂ ਥਾਵਾਂ ਇਸਲਾਮਾਬਾਦ ਤੋਂ ਦੱਸ ਵੀਹ ਮਿੰਟ ਦੀ ਦੂਰੀ'ਤੇ ਹਨ । ਇਸਲਾਮਾਬਾਦ ਦੇ ਵਰਤਮਾਨ ਮਨਸੂਬੇ ਦੇ ਨਾਲ ਇਹਨਾ ਸਾਰੀਆਂ ਥਾਵਾਂ ਨੂੰ ਖ਼ਰੀਦਣ ਦੀ ਪਹਿਲਾਂ ਕੋਈ ਪਲਾਨਿੰਗ ਨਹੀਂ ਕੀਤੀ ਗਈ ਸੀ ਸਗੋਂ ਇਹ ਸਭ ਕੁਝ ਰੱਬ ਦਾ ਮਨਸੂਬਾ ਸੀ ਕਿ ਸਾਰੀਆਂ ਥਾਵਾਂ ਇਕ ਹੀ ਖੇਤਰ ਵਿੱਚ ਨੇੜੇ ਨੇੜੇ ਇਕੱਠੀਆਂ ਹੁੰਦੀਆਂ ਗਈਆਂ ਅਤੇ ਰੱਬ ਨੇ ਮਰਕਜ਼ (ਕੇਂਦਰ) ਨੇ ਨਾਲ ਨਾਲ ਦੂਜੀਆਂ ਚੀਜ਼ਾ ਵੀ ਉਪਲਭਧ ਕਰਾ ਦਿੱਤੀਆਂ । ਜਾਮਿਆ ਵੀ ਨੇੜੇ ਹੋਣਾ ਜ਼ਰੂਰੀ ਹੈ । ਦੁਆ ਕਰੋ ਕਿ ਰੱਬ ਇਹਨਾ ਸਾਰੀਆਂ ਥਾਵਾਂ ਦਾ ਇਕ ਇਲਾਕੇ (ਖੇਤਰ) ਵਿੱਚ ਇਕਠੱਾ ਹੋਣਾ ਹਰ ਪੱਖੋਂ ਬਰਕਤਾਂ ਭਰਪੂਰ ਬਣਾਏ । ਜਿਵੇਂ ਕਿ ਮੈਂ ਕਿਹਾ ਹੈ ਕਿ ਸਮੇਂ ਦੇ ਖ਼ਲੀਫ਼ਾ ਸਾਹਬ ਦੀ ਰਿਹਾਇਸ਼ ਅਤੇ ਦਫ਼ਤਰ ਆਦਿ ਉੱਥੇ ਬਣ ਗਏ ਹਨ । ਵੱਡੀ ਮਸਜਿਦ ਵੀ ਬਣ ਗਈ ਹੈ ਇਸ ਲਈ ਹੁਣ ਮੈਂ ਵੀ ਲੰਦਨ ਤੋਂ ਇੰਸ਼ਾਅਲੱਾਹ ਤਆਲਾ ਕੁਝ ਦਿਨਾਂ ਵਿੱਚ ਇਸਲਾਮਾਬਾਦ ਚਲਿਆ ਜਾਵਾਂਗਾ । ਅਲੱਾਹ ਤਆਲਾ ਇਸਲਾਮਾਬਾਦ ਤੋਂ ਇਸਲਾਮ ਦੇ ਪ੍ਰਚਾਰ ਦੇ ਕੰਮ ਨੂੰ ਪਹਿਲਾਂ ਤੋਂ ਵਧੱਕੇ ਵਿਸ਼ਾਲਤਾ ਪ੍ਰਦਾਨ ਕਰੇ । ਦੁਆ ਕਰੋ ਕਿ ਅਲੱਾਹ ਤਆਲਾ ਇਕ ਮਨਸੂਬੇ ਨੂੰ ਅਤੇ ਉੱਥੇ ਮੂਵ ਹੋਣ ਨੂੰ ਹਰ ਪੱਖੋਂ ਬਰਕਤਾਂ ਭਰਪੂਰ ਬਣਾਏ ।

★★★★ ਖ਼ੁਤਬਾ ਸਾਨੀਆ ★★★★


**Khulasa Khutba Jumma 12.04.2019**

Delivered By : Hadhrat Khalifatul Masih Vth (atba)

Summarized by : Majlis Ansarullah Bharat

Tarnslated by : Shamshad Ahmad Eden, from Punjabi Desk

From : Nazarat Nashr-o-Isha'at Qadian-143516, Distt. Gurdaspur, Punjab (INDIA)


Toll Free Shoba Noorul Islam-1800-3010-2131